ਮਿੱਠੇ ਬੱਚੇ:- "ਮਿੱਠੇ ਬੱਚੇ:- ਬਾਬਾ ਨੂੰ ਪਿਆਰ ਨਾਲ ਯਾਦ ਕਰਦੇ ਰਹੋ, ਸ਼੍ਰੀਮਤ ਤੇ ਸਦਾ ਚੱਲੋ, ਪੜਾਈ ਤੇ ਪੂਰਾ ਅਟੈਂਸ਼ਨ ਦੇਵੋ ਤਾਂ ਤੁਹਾਨੂੰ ਸਭ ਰਿਗਾਰਡ ਦੇਣਗੇ।"

ਪ੍ਰਸ਼ਨ:- ਪ੍ਰਸ਼ਨ:- ਅਤਿੰਦ੍ਰਿਆ ਸੁੱਖ ਦਾ ਅਨੁਭਵ ਕਿਹੜੇ ਬੱਚਿਆਂ ਨੂੰ ਹੋ ਸਕਦਾ ਹੈ?

ਉੱਤਰ:- 1 - ਜੋ ਦੇਹੀ -ਅਭਿਮਾਨੀ ਹਨ, ਇਸਦੇ ਲਈ ਜਦੋਂ ਕਿਸੇ ਨਾਲ ਗੱਲ ਕਰਦੇ ਹੋ ਜਾਂ ਸਮਝਾਉਂਦੇ ਹੋ ਤਾਂ ਸਮਝੋ ਮੈਂ ਆਤਮਾ ਭਾਈ ਇਸ ਨਾਲ ਗੱਲ ਕਰਦਾ ਹਾਂ। ਭਾਈ-2 ਦੀ ਦ੍ਰਿਸ਼ਟੀ ਪੱਕੀ ਕਰਨ ਨਾਲ ਦੇਹੀ ਅਭਿਮਾਨੀ ਬਣਦੇ ਜਾਵੋਗੇ। 2 - ਜਿਨ੍ਹਾਂ ਨੂੰ ਨਸ਼ਾ ਹੈ ਕਿ ਅਸੀਂ ਭਗਵਾਨ ਦੇ ਸਟੂਡੈਂਟ ਹਾਂ ਉਨ੍ਹਾਂ ਨੂੰ ਹੀ ਅਤਿ ਇੰਦਰੀਆਂ ਸੁੱਖ ਦਾ ਅਨੁਭਵ ਹੋਵੇਗਾ।

ਗੀਤ:- ਕੌਣ ਆਇਆ ਮੇਰੇ ਮਨ ਦੇ ਦਵਾਰੇ...

ਓਮ ਸ਼ਾਂਤੀ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਦੂਜੀ ਕੋਈ ਸੰਸਥਾ ਵਿੱਚ ਇਸ ਤਰ੍ਹਾਂ ਨਹੀਂ ਕਹਿੰਦੇ ਕਿ ਬਾਪ ਬੱਚਿਆਂ ਨੂੰ ਸਮਝਾਉਂਦੇ ਹਨ। ਬੱਚੇ ਜਾਣਦੇ ਹਨ ਬਰੋਬਰ ਸਭ ਬੱਚਿਆਂ ਦਾ ਬਾਪ ਇੱਕ ਹੀ ਹੈ। ਸਭ ਭਾਈ-2 ਹਨ। ਉਸ ਬਾਪ ਤੋਂ ਜਰੂਰ ਬੱਚਿਆਂ ਨੂੰ ਵਰਸਾ ਮਿਲਦਾ ਹੈ। ਚੱਕਰ ਤੇ ਵੀ ਤੁਸੀਂ ਚੰਗੀ ਤਰ੍ਹਾਂ ਸਮਝਾ ਸਕਦੇ ਹੋ, ਇਹ ਹੈ ਸੰਗਮ ਜਦੋਂ ਕਿ ਮੁਕਤੀ ਅਤੇ ਜੀਵਨ ਮੁਕਤੀ ਮਿਲਦੀ ਹੈ। ਤੁਸੀਂ ਬੱਚੇ ਜੀਵਨ ਮੁਕਤੀ ਵਿੱਚ ਜਾਓਗੇ ਤਾਂ ਬਾਕੀ ਸਭ ਮੁਕਤੀ ਵਿੱਚ ਜਾਣਗੇ। ਸਦਗਤੀ ਦਾਤਾ, ਲਿਬਰੇਟਰ, ਗਾਈਡ, ਉਸਨੂੰ ਕਿਹਾ ਜਾਂਦਾ ਹੈ। ਰਾਵਣ ਰਾਜ ਵਿੱਚ ਕਿੰਨੇ ਢੇਰ ਮਨੁੱਖ ਹਨ। ਰਾਮਰਾਜ ਵਿੱਚ ਇੱਕ ਹੀ ਆਦਿ ਸਨਾਤਨ ਦੇਵੀ ਦੇਵਤਾ ਧਰਮ ਸੀ। ਉਨ੍ਹਾਂ ਨੂੰ ਆਰਿਆ ਅਤੇ ਅਨਾਰਿਆ ਕਹਿੰਦੇ ਹਨ। ਆਰਿਆ ਸੁਧਰੇ ਹੋਏ ਅਤੇ ਅਨਾਰਿਆ ਨਾਂ ਸੁਧਰੇ ਹੋਏ ਨੂੰ ਕਿਹਾ ਜਾਂਦਾ ਹੈ। ਇਸ ਦਾ ਅਰਥ ਕੋਈ ਨਹੀਂ ਜਾਣਦਾ ਕਿ ਸੁਧਰੇ ਹੋਏ ਤੋਂ ਅਣਸੁਧਰੇ ਕਿਵੇਂ ਬਣੇ। ਆਰਿਆ ਕੋਈ ਧਰਮ ਨਹੀਂ ਸੀ। ਸੁਧਰੇ ਹੋਏ ਇਹ ਦੇਵਤਾ ਸਨ ਫਿਰ 84 ਜਨਮ ਦੇ ਬਾਦ ਅਨਸੁਧਰੇ ਬਣਦੇ ਹਨ। ਤਾਂ ਜੋ ਉੱਚ ਤੋਂ ਉੱਚ ਪੁਜਿਯ ਸਨ ਉਹ ਹੀ ਪੁਜਾਰੀ ਬਣ ਗਏ। ਹਮ ਸੋ ਦਾ ਅਰਥ ਵੀ ਬਾਪ ਹੀ ਸਮਝਾਉਂਦੇ ਹਨ। ਸੀੜੀ ਤੇ (ਪੌੜੀ ਤੇ) ਸਮਝਾਉਣਾ ਬੜਾ ਚੰਗਾ ਹੈ। ਇਵੇਂ ਨਹੀਂ ਆਤਮਾ ਸੋ ਪਰਮਾਤਮਾ, ਪਰਮਾਤਮਾ ਸੋ ਆਤਮਾ। ਨਹੀਂ। ਇਹ ਤਾਂ ਵਿਰਾਟ ਨਾਟਕ ਹੈ। ਤੁਸੀਂ ਜਾਣਦੇ ਹੋ ਅਸੀਂ ਸੋ ਪੂਜਯ ਸੀ ਫਿਰ ਪੁਜਾਰੀ ਬਣੇ ਮਤਲਬ ਅਸੀਂ ਸੋ ਦੇਵਤਾ, ਸੋ ਖੱਤਰੀ.. ਬਣਦੇ ਹਾਂ। ਪੋੜੀ ਤਾਂ ਜਰੂਰ ਉਤਰਾਂਗੇ ਨਾ। ਇਹ ਵੀ ਹਿਸਾਬ ਹੈ, 84 ਜਨਮ ਕੌਣ ਲੈਂਦੇ ਹਨ। ਬਾਪ ਕਹਿੰਦੇ ਹਨ ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹੋ, ਮੈਂ ਤੁਹਾਨੂੰ ਦੱਸਦਾ ਹਾਂ। ਇਹ ਚੱਕਰ ਹੈ ਉਸ ਵਿੱਚ ਅਸੀਂ ਹੀ ਸੋ ਦੇਵਤਾ, ਖੱਤਰੀ ਆਦਿ ਬਣਦੇ ਹਾਂ। 21 ਜਨਮ ਤਾਂ ਨਾਮੀਗ੍ਰਾਮੀ ਹਨ। ਮਨੁੱਖ ਤਾਂ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੇ, ਤਮੋਪ੍ਰਧਾਨ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਹੀ ਸਾਰੀ ਨੌਲਜ ਮਿਲਦੀ ਹੈ, ਪ੍ਰੰਤੂ ਸਮਝਦੇ ਕੋਈ ਮੁਸ਼ਕਿਲ ਹਨ, ਤਾਂ ਕਹਿੰਦੇ ਹਨ ਕਰੋੜਾਂ ਵਿੱਚੋਂ ਕੋਈ ਹੀ ਆਕੇ ਗਿਆਨ ਲੈਣਗੇ ਅਤੇ ਦੇਵਤਾ ਧਰਮ ਵਾਲੇ ਬਣਨਗੇ, ਇਸ ਵਿੱਚ ਹੈਰਾਨ ਨਹੀਂ ਹੋਣਾ ਚਾਹੀਦਾ। ਚੱਕਰ ਤੇ ਸਮਝਾਉਣਾ ਔਖਾ ਹੈ। ਇਹ ਸਤਿਯੁੱਗ, ਇਹ ਕਲਯੁੱਗ… ਕਿਉਂਕਿ ਸਤਿਯੁੱਗ ਵਿੱਚ ਹੁੰਦੇ ਹੀ ਬਹੁਤ ਥੋੜੇ ਹਨ। ਝਾੜ ਛੋਟਾ ਹੁੰਦਾ ਹੈ ਫਿਰ ਵੱਧਦਾ ਰਹਿੰਦਾ ਹੈ। ਇਸ ਝਾੜ ਦਾ ਕਿਸੇ ਨੂੰ ਪਤਾ ਨਹੀਂ ਹੈ। ਅਤੇ ਬ੍ਰਹਮਾ ਦੀ ਗੱਲ ਵੀ ਮੁਸ਼ਕਿਲ ਸਮਝਦੇ ਹਨ। ਬੋਲੋ, ਬ੍ਰਹਮਾ ਮੁਖ ਵੰਸ਼ਾਵਲੀ ਬ੍ਰਾਹਮਣ ਜਰੂਰ ਚਾਹੀਦੇ ਹਨ। ਇਹ ਅਡਾਪਟਿਡ ਬੱਚੇ ਹਨ। ਉਹ ਬ੍ਰਾਹਮਣ ਹਨ ਕੁੱਖ ਵੰਸ਼ਾਵਲੀ, ਇਹ ਬ੍ਰਾਹਮਣ ਹਨ ਮੁੱਖ ਵੰਸ਼ਾਵਲੀ। ਇਹ ਹੈ ਪਰਾਇਆ ਰਾਵਣ ਰਾਜ। ਬਾਪ ਨੇ ਆਕੇ ਰਾਮ ਰਾਜ ਸਥਾਪਨ ਕਰਨਾ ਹੁੰਦਾ ਹੈ, ਤਾਂ ਕਿਸੇ ਵਿੱਚ ਤਾਂ ਪ੍ਰਵੇਸ਼ ਕਰਨਗੇ ਨਾ। ਦੇਖੋ, ਇਹ ਝਾੜ ਦੇ ਇਕਦਮ ਪਿਛਾੜੀ ਵਿੱਚ ਖੜ੍ਹਾ ਹੈ। ਇਨ੍ਹਾਂ ਦੀ ਜੜ ਜੜੀਭੂਤ ਅਵੱਸਥਾ ਹੈ। ਬਾਪ ਕਹਿੰਦੇ ਹਨ ਮੈਂ ਬਹੁਤ ਜਨਮਾਂ ਦੇ ਅੰਤ ਦੇ ਜਨਮ ਵਿੱਚ ਪ੍ਰਵੇਸ਼ ਕਰਦਾ ਹਾਂ। ਇਹ ਅੰਤਿਮ 84ਵਾਂ ਜਨਮ ਹੈ। ਤਪ ਕਰ ਰਹੇ ਹਨ। ਅਸੀਂ ਇਹਨਾਂ ਨੂੰ ਭਗਵਾਨ ਨਹੀਂ ਕਹਿੰਦੇ ਹਾਂ। ਦੁਨੀਆਂ ਵਾਲਿਆਂ ਨੇ ਤਾਂ ਭਗਵਾਨ ਨੂੰ ਸਰਵਵਿਆਪੀ ਕਹਿ ਠਿੱਕਰ- ਭਿੱਤਰ ਵਿੱਚ ਕਹਿ ਦਿੱਤਾ ਹੈ। ਇਸ ਲਈ ਖ਼ੁੱਦ ਵੀ ਪੂਰੇ ਠਿੱਕਰ ਬਣ ਗਏ ਹਨ। ਦੇਵਤਾਵਾਂ ਦੀ ਗੱਲ ਹੀ ਨਿਆਰੀ ਹੈ। ਹੁਣ ਤੁਸੀਂ ਪੜ੍ਹ ਕੇ ਇਹ ਪਦਵੀ ਪ੍ਰਾਪਤ ਕਰਦੇ ਹੋ। ਕਿੰਨੀ ਉੱਚੀ ਪੜ੍ਹਾਈ ਹੈ। ਇਨ੍ਹਾਂ ਦੇਵਤਾਵਾਂ ਨੂੰ ਭਗਵਾਨ ਭਗਵਤੀ ਵੀ ਕਹਿੰਦੇ ਹਨ, ਕਿਉਂਕਿ ਪਵਿੱਤਰ ਹਨ ਅਤੇ ਖੁਦ ਭਗਵਾਨ ਦਵਾਰਾ ਹੀ ਇਸ ਧਰਮ ਦੀ ਸਥਾਪਨਾ ਹੋਈ ਹੈ। ਤਾਂ ਜਰੂਰ ਭਗਵਾਨ ਭਗਵਤੀ ਹੋਣੇ ਚਾਹੀਦੇ ਹਨ। ਪ੍ਰੰਤੂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਮਹਾਰਾਣੀ ਮਹਾਰਾਜਾ। ਬਾਕੀ ਸ਼੍ਰੀਲਕਸ਼ਮੀ - ਨਰਾਇਣ ਨੂੰ ਭਗਵਤੀ ਭਗਵਾਨ ਕਹਿਣਾ ਵੀ ਅੰਧਸ਼ਰਧਾ ਹੈ ਕਿਉਂਕਿ ਭਗਵਾਨ ਤਾਂ ਇੱਕ ਹੀ ਹਨ ਨਾ। ਤੁਸੀਂ ਸ਼ਿਵ ਅਤੇ ਸ਼ੰਕਰ ਨੂੰ ਵੀ ਵੱਖ ਕਰ ਕੇ ਦੱਸਦੇ ਹੋ। ਇਸ ਤੇ ਉਹ ਲੋਕ ਕਹਿੰਦੇ ਹਨ ਇਹ ਦੇਵਤਾਵਾਂ ਨੂੰ ਵੀ ਉੱਡਾ ਦਿੰਦੇ ਹਨ। ਤੁਹਾਡੀ ਬੁੱਧੀ ਵਿੱਚ ਤਾਂ ਸਾਰਾ ਚੱਕਰ ਹੈ। ਪਰ ਜਿਹੜੇ ਮਹਾਰਥੀ ਹਨ ਉਹ ਚੰਗੀ ਤਰ੍ਹਾਂ ਸਮਝਾ ਸਕਦੇ ਹਨ। ਬਹੁਤ ਹਨ ਜੋ ਭਾਵੇਂ ਸੁਣਦੇ ਹਨ ਪਰ ਬੁੱਧੀ ਵਿੱਚ ਟਿੱਕਦਾ ਨਹੀਂ, ਤਾਂ ਉਹ ਕੀ ਬਣਨਗੇ? ਪਾਈ ਪੈਸੇ ਦੇ ਦਾਸ ਦਾਸੀਆਂ ਬਣਨਗੇ। ਅੱਗੇ ਚੱਲ ਕੇ ਤੁਹਾਨੂੰ ਸਾਕਸ਼ਾਤਕਾਰ ਹੋਣਗੇ। ਪਰ ਉਸ ਵੇਲੇ ਕੁੱਝ ਕਰ ਨਹੀਂ ਸਕਦੇ। ਟਾਈਮ ਖ਼ਤਮ ਹੋ ਗਿਆ ਤਾਂ ਫਿਰ ਕੀ ਕਰ ਸਕਣਗੇ। ਇਸਲਈ ਬਾਬਾ ਸਾਵਧਾਨ ਕਰਦੇ ਰਹਿੰਦੇ ਹਨ। ਪਰ ਜੇਕਰ ਸਾਰੇ ਉੱਚੇ ਚਲੇ ਜਾਣ ਇਹ ਤਾਂ ਹੋ ਨਹੀਂ ਸਕਦਾ। ਭਾਂਡਾ ਸਾਫ ਨਹੀਂ ਹੈ, ਬੁੱਧੀ ਵਿੱਚ ਚਿੱਕੜ ਪੱਟੀ ਭਰੀ ਹੋਈ ਹੈ। ਇਸ ਵਿੱਚ ਪੁਰਸ਼ਾਰਥ ਬਹੁਤ ਹੋਣਾ ਚਾਹੀਦਾ ਹੈ। ਚਿੱਤਰਾਂ ਉੱਤੇ ਸਮਝਾਉਣ ਦੀ ਬੜੀ ਪ੍ਰੈਕਟਿਸ ਚਾਹੀਦੀ ਹੈ। ਨਹੀਂ ਤਾਂ ਪਿੱਛੋਂ ਪਛਤਾਉਣਾ ਪਵੇਗਾ। ਇਹ

ਆਤਮਾ ਨੂੰ ਭੋਜਨ ਮਿਲ ਰਿਹਾ ਹੈ। ਇਹ ਤਾਂ ਸਭ ਨੂੰ ਸਮਝਾਉਣ ਦੀਆਂ ਗੱਲਾਂ ਹਨ। ਡਰਨ ਦੀ ਕੋਈ ਗੱਲ ਨਹੀਂ। ਵੱਡੇ-ਵੱਡੇ ਸਥਾਨਾਂ ਤੇ ਪ੍ਰਦਰਸ਼ਨੀ ਮਿਊਜਿਅਮ ਹੋਣ ਨਾਲ ਨਾਮ ਹੁੰਦਾ ਹੈ। ਬਾਬਾ ਨੇ ਕਿਹਾ ਸੀ ਸਭ ਕੋਲੋਂ ਓਪਿਨਿਅਨ (ਸਲਾਹ) ਲਿਖਵਾਓ, ਉਹ ਵੀ ਛਪਾਉਣੀ ਚਾਹੀਦੀ ਹੈ। ਬੱਚਿਆਂ ਨੇ ਬੜੀ ਸਰਵਿਸ ਕਰਨੀ ਹੈ। ਇਸ ਵਿੱਚ ਪਰਖ਼ ਵੀ ਬੜੀ ਕਰਨੀ ਹੈ। ਸਮਝਣ ਵਾਲੇ ਹਨ ਜਾਂ ਨਹੀਂ। ਇਹ ਹੈ ਨਵੀ ਦੁਨੀਆਂ, ਇਹ ਹੈ ਪੁਰਾਣੀ ਦੁਨੀਆਂ। ਇਹ ਤਾਂ ਕੋਈ ਵੀ ਸਮਝ ਸਕਦੇ ਹਨ ਸਿਰਫ ਸਮਾਂ ਵੱਧਾ ਦਿੱਤਾ ਹੈ, ਇਸਲਈ ਮਨੁੱਖ ਮੂੰਝ ਗਏ ਹਨ। ਪਹਿਲਾਂ - ਪਹਿਲਾਂ ਬਾਪ ਦਾ ਪਰਿਚੈ ਦੇਣਾ ਹੈ। ਜੋ ਦੇਹੀ - ਅਭਿਮਾਨੀ ਹੋਕੇ ਰਹਿੰਦੇ ਹਨ, ਅਤਿੰਦਰੀਆ ਸੁੱਖ ਉਨ੍ਹਾਂ ਨੂੰ ਹੀ ਰਹਿ ਸਕਦਾ ਹੈ। ਸਿਰਫ ਭਾਸ਼ਣ ਨਾਲ ਕੰਮ ਨਹੀਂ ਹੋਵੇਗਾ। ਜਦੋਂ ਭਾਸ਼ਣ ਕਰਦੇ ਹੋ ਤਾਂ ਵੀ ਸਮਝਣਾ ਹੈ ਮੈਂ ਆਤਮਾ ਭਾਈ, ਭਾਈ ਨੂੰ ਸਮਝਾਉਂਦਾ ਹਾਂ। ਆਤਮ -ਅਭਿਮਾਨੀ ਬਣਨਾ – ਇਸ ਵਿੱਚ ਬੜੀ ਮੇਹਨਤ ਚਾਹੀਦੀ ਹੈ, ਪ੍ਰੰਤੂ ਬੱਚੇ ਘੜੀ - ਘੜੀ ਭੁੱਲ ਜਾਂਦੇ ਹਨ। ਬਾਪ ਹੀ ਆਕੇ ਬੱਚਿਆਂ ਨੂੰ ਸਮਝਾਉਂਦੇ ਹਨ, ਗਾਇਨ ਵੀ ਹੈ ਆਤਮਾ ਪਰਮਾਤਮਾ ਵੱਖ ਰਹੇ ਬਹੁਕਾਲ... ਇਸ ਦਾ ਅਰਥ ਵੀ ਤੁਸੀਂ ਹੀ ਜਾਣ ਸਕਦੇ ਹੋ। ਜੋ ਮਹਾਂਰਥੀ ਹਨ ਉਨ੍ਹਾਂ ਨੂੰ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਦੀ ਬੜੀ ਪ੍ਰੈਕਟਿਸ ਕਰਨੀ ਹੈ, ਤਾਂ ਹੀ ਆਪਣੇ ਆਪ ਨੂੰ ਪਾਵਰਫੁੱਲ ਸਮਝਣਗੇ। ਜਿਹੜੇ ਆਪਣੇ ਨੂੰ ਆਤਮਾ ਹੀ ਨਹੀਂ ਸਮਝਦੇ ਉਹ ਕੀ ਧਾਰਨ ਕਰਨਗੇ। ਯਾਦ ਨਾਲ ਹੀ ਤੁਹਾਡੇ ਵਿੱਚ ਸ਼ਕਤੀ ਭਰੇਗੀ। ਗਿਆਨ ਨੂੰ ਬਲ ਨਹੀਂ ਕਿਹਾ ਜਾਂਦਾ ਹੈ। ਯੋਗਬਲ ਕਿਹਾ ਜਾਂਦਾ ਹੈ। ਯੋਹਬਲ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਹੁਣ ਤੁਹਾਨੂੰ ਬਹੁਤਿਆਂ ਨੂੰ ਆਪਣੇ ਵਰਗਾ ਬਨਾਉਣਾ ਹੈ। ਜਦੋਂ ਤੱਕ ਬਹੁਤਿਆਂ ਨੂੰ ਆਪਣੇ ਵਰਗਾ ਨਹੀਂ ਬਣਾਉਂਦੇ ਓਦੋ ਤੱਕ ਵਿਨਾਸ਼ ਨਹੀਂ ਹੋ ਸਕਦਾ। ਭਾਵੇਂ ਵੱਡੀ ਲੜਾਈ ਲਗ ਜਾਵੇ ਪਰ ਫਿਰ ਬੰਦ ਹੋ ਜਾਂਦੀ ਹੈ। ਹੁਣ ਤਾਂ ਬਹੁਤਿਆਂ ਦੇ ਕੋਲ ਬੰਬ ਹਨ ਪਰ ਇਹ ਰੱਖਣ ਦੀ ਚੀਜ਼ ਨਹੀਂ ਹੈ। ਪ੍ਰੰਤੂ ਦੁਨੀਆਂ ਦਾ ਵਿਨਾਸ਼ ਅਤੇ ਇੱਕ ਆਦਿ ਸਨਾਤਨ ਧਰਮ ਦੀ ਸਥਾਪਨਾ ਜਰੂਰ ਹੋਣੀ ਹੈ। ਥੋੜੇ ਸਮੇਂ ਤੋਂ ਬਾਅਦ ਸਾਰੇ ਕਹਿਣਗੇ ਬਰਾਬਰ ਇਹ ਓਹ ਹੀ ਮਹਾਂਭਾਰੀ ਲੜਾਈ ਹੈ। ਭਗਵਾਨ ਵੀ ਹੈ ਜਰੂਰ। ਜਦੋਂ ਤੁਹਾਡੇ ਕੋਲ ਬਹੁਤ ਲੋਕੀ ਆਉਣਗੇ ਤਾਂ ਸਭ ਮੰਨਣ ਲੱਗ ਜਾਣਗੇ। ਕਹਿਣਗੇ ਇਹ ਤਾਂ ਵੱਧਦੇ ਰਹਿੰਦੇ ਹਨ, ਇਨ੍ਹਾਂ ਵਿੱਚ ਬਹੁਤ ਸ਼ਕਤੀ ਹੈ। ਤੁਸੀਂ ਜਿਨਾਂ ਯਾਦ ਵਿੱਚ ਰਹੋਗੇ, ਓਨੀ ਹੀ ਤੁਹਾਡੇ ਵਿੱਚ ਤਾਕਤ ਭਰੇਗੀ। ਬਾਪ ਦੀ ਯਾਦ ਨਾਲ ਤੁਸੀਂ ਬਾਕੀਆਂ ਨੂੰ ਲਾਈਟ ਦਿੰਦੇ ਹੋ। ਇਹ ਦਾਦਾ (ਬ੍ਰਹਮਾ) ਵੀ ਕਹਿੰਦੇ ਹਨ ਮੇਰੇ ਤੋਂ ਵੀ ਇਹ ਬੱਚੇ ਬੜੀ ਵਧੀਆ ਸਰਵਿਸ ਕਰਦੇ ਹਨ। ਅਜੇ ਥੋੜੀ ਦੇਰ ਹੈ, ਯੋਗ ਵਿੱਚ ਚੰਗੀ ਤਰ੍ਹਾਂ ਕੋਈ ਰਹਿ ਨਹੀਂ ਸਕਦਾ। ਖੁਦ ਵੀ ਫੀਲ ਕਰਦੇ ਹਨ ਯੋਗ ਵਿੱਚ ਅਸੀਂ ਘੱਟ ਹਾਂ, ਇਸ ਲਈ ਬਰੋਬਰ ਤੀਰ ਨਹੀਂ ਲਗਦਾ। ਭਗਵਾਨ ਕੁਮਾਰੀਆਂ ਵਿੱਚ ਗਿਆਨ ਬਾਣ ਭਰਦੇ ਹਨ। ਤੁਸੀਂ ਪ੍ਰਜਾਪਿਤਾ ਬ੍ਰਹਮਾ ਕੁਮਾਰ - ਕੁਮਾਰੀਆਂ ਹੋ ਨਾ। ਇਹ ਹੈ ਬ੍ਰਹਮਾ। ਤੁਸੀਂ ਅਡਾਪਟਿਡ ਬੱਚੇ ਹੋ। ਕ੍ਰਿਏਟਰ ਤਾਂ ਇੱਕ ਹੀ ਹੈ, ਬਾਕੀ ਸਭ ਪੜ ਰਹੇ ਹਨ। ਉਸ ਵਿੱਚ ਇਹ ਬ੍ਰਹਮਾ ਵੀ ਆ ਗਿਆ। ਫਿਰ ਇਹ ਰਚਨਾ ਹੋ ਗਈ ਨਾ। ਤੁਸੀਂ ਦੇਵਤਾ ਬਣਨ ਵਾਲੇ ਹੋ। ਦੈਵੀਗੁਣ ਧਾਰਨ ਕਰ ਰਹੇ ਹੋ। ਕਿਤੇ - ਕਿਤੇ ਦੋਵੇਂ ਪਹੀਏ ਚੱਲ ਨਹੀਂ ਸਕਦੇ। ਜਿਵੇਂ ਕਿ ਰੇਤ ਤੇ ਖੜੇ ਹਨ। ਬਾਬਾ ਨਾਮ ਨਹੀਂ ਲੈਂਦੇ ਹਨ। ਨਹੀਂ ਤਾਂ ਸਮਝਣਾ ਚਾਹੀਦਾ ਹੈ ਕਿ ਬਾਬਾ ਸੱਚ ਕਹਿੰਦੇ ਹਨ। ਬੱਚੇ ਵੀ ਇੱਕ ਦੋ ਦੇ ਸੁਭਾਅ ਨੂੰ ਜਾਣ ਸਕਦੇ ਹਨ, ਜਿਨ੍ਹਾਂ ਦਾ ਆਪਸ ਵਿੱਚ ਕੰਮ ਰਹਿੰਦਾ ਹੈ।

ਬੱਚੇ ਸਮਝਦੇ ਹਨ ਅਸੀਂ ਹੀ ਸਿਰਤਾਜ ਸੀ। ਹੁਣ ਫਿਰ ਬਣਦੇ ਹਾਂ। ਪਹਿਲੇ ਤੁਸੀਂ ਕਿਸੇ ਨੂੰ ਸਮਝਾਉਂਦੇ ਹੋ ਤਾਂ ਮੰਨਣ ਲਈ ਤਿਆਰ ਨਹੀਂ ਹੁੰਦੇ ਹਨ। ਫਿਰ ਹੌਲੀ - ਹੌਲੀ ਸਮਝਦੇ ਹਨ, ਇਸ ਵਿੱਚ ਬੁੱਧੀ ਬਹੁਤ ਚਾਹੀਦੀ ਹੈ। ਆਤਮਾ ਵਿੱਚ ਬੁੱਧੀ ਹੈ। ਆਤਮਾ ਸੱਤ ਚਿੱਤ, ਆਨੰਦ ਸਵਰੂਪ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਦੇਹੀ - ਅਭਿਮਾਨੀ ਬਣਾਇਆ ਜਾਂਦਾ ਹੈ। ਜਦੋ ਤੱਕ ਬਾਪ ਨਾ ਆਵੇ ਓਦੋਂ ਤੱਕ ਕੋਈ ਵੀ ਦੇਹੀ - ਅਭਿਮਾਨੀ ਬਣ ਨਹੀਂ ਸਕਦਾ। ਹੁਣ ਬਾਪ ਕਹਿੰਦੇ ਹਨ ਦੇਹੀ - ਅਭਿਮਾਨੀ ਬਣੋ। 'ਮਮੇਕਮ ਯਾਦ ਕਰੋ' ਤਾਂ ਮੇਰੇ ਤੋਂ ਸ਼ਕਤੀ ਮਿਲੇਗੀ। ਇਹ ਧਰਮ ਬੜਾ ਤਾਕਤ ਵਾਲਾ ਹੈ। ਸਾਰੇ ਵਿਸ਼ਵ ਤੇ ਰਾਜ ਕਰਦੇ ਹਨ, ਘੱਟ ਗੱਲ ਥੋੜੀ ਹੈ ਕੀ? ਤੁਹਾਨੂੰ ਤਾਕਤ ਮਿਲਦੀ ਹੈ - ਬਾਪ ਨਾਲ ਯੋਗ ਲਗਾਉਣ ਦੇ ਨਾਲ। ਇਹ ਹੈ ਨਵੀ ਗੱਲ, ਜੋ ਚੰਗੀ ਤਰ੍ਹਾਂ ਸਮਝਾਉਣੀ ਪੈਂਦੀ ਹੈ। ਆਤਮਾਵਾਂ ਦਾ ਬੇਹੱਦ ਦਾ ਬਾਪ ਉਹ ਹੀ ਹੈ। ਓਹ ਹੀ ਨਵੀ ਦੁਨੀਆਂ ਦਾ ਰਚਿਯਤਾ ਹੈ। ਤਾਂ ਸ਼ਿਵ ਦਾ ਆਕੂਪੇਸ਼ਨ ਦੱਸੋ ਕਿ ਉਹ ਆ ਕੇ ਕੀ ਕਰਦੇ ਹਨ। ਸ਼੍ਰੀਕ੍ਰਿਸ਼ਨ ਜਯੰਤੀ ਤੇ ਸ਼ਿਵ ਜਯੰਤੀ ਦੋਵਾਂ ਦੀ ਮਨਾਉਂਦੇ ਹਨ। ਹੁਣ ਦੋਨਾਂ ਵਿੱਚ ਵੱਡਾ ਕੌਣ ਹੈ? ਉੱਚੇ ਤੇ ਉੱਚਾ ਨਿਰਾਕਾਰ। ਉਸਨੇ ਕੀ ਕੀਤਾ ਜੋ ਸ਼ਿਵ ਜਯੰਤੀ ਮਨਾਈ ਜਾਂਦੀ ਹੈ, ਕ੍ਰਿਸ਼ਨ ਨੇ ਕੀ ਕੀਤਾ ? ਲਿਖਿਆ ਹੋਇਆ ਹੈ ਕਿ ਪਰਮਾਤਮਾ ਸਾਧਾਰਨ ਬੁੱਢੇ ਤਨ ਵਿੱਚ ਆਕੇ ਸਥਾਪਨਾ ਕਰਦੇ ਹਨ। ਅਨੇਕ ਤਰ੍ਹਾਂ ਦੇ ਮਤ - ਮਤਾਂਤਰ ਹਨ। ਸ਼੍ਰੀਮਤ ਤੇ ਇੱਕ ਹੀ ਵਾਰ ਸੰਗਮ ਤੇ ਮਿਲਦੀ ਹੈ, ਜਿਸ ਨਾਲ ਤੁਸੀਂ ਸ੍ਰੇਸ਼ਠ ਬਣਦੇ ਹੋ। ਮਨੁੱਖ ਮਤ ਨਾਲ ਸ੍ਰੇਸ਼ਟ ਕਿਵੇਂ ਬਣਾਂਗੇ। ਇਹ ਹੈ ਇਸ਼ਵਰੀਏ ਮਤ ਜੋ ਤੂਹਾਨੂੰ ਇੱਕ ਹੀ ਵਾਰ ਸੰਗਮ ਤੇ ਮਿਲਦੀ ਹੈ। ਦੇਵਤਾ ਤਾਂ ਮਤ ਦਿੰਦੇ ਨਹੀਂ ਹਨ। ਮਨੁੱਖ ਤੋਂ ਦੇਵਤਾ ਬਣ ਗਏ ਬਸ, ਖ਼ਲਾਸ। ਓਥੇ ਗੁਰੂ ਆਦਿ ਵੀ ਨਹੀਂ ਕਰਦੇ। ਇਥੇ ਮਨੁੱਖ ਗੁਰੂ ਤੋਂ ਮਤ ਲੈਂਦੇ ਹਨ। ਤਾਂ ਯੁਕਤੀ ਨਾਲ ਸਮਝਾਉਣਾ ਹੈ ਕਿ ਅਸੀਂ ਰਾਜਯੋਗੀ ਹਾਂ। ਹੱਠਯੋਗੀ ਕਦੇ ਵੀ ਰਾਜਯੋਗ ਸਿੱਖਾ ਨਹੀਂ ਸਕਦੇ। ਉਹ ਹਨ ਘਰ ਬਾਰ ਛੁਡਾਉਣ (ਨਿਰਵਿਰਤੀ ਮਾਰਗ) ਵਾਲੇ। ਤੀਰਥਾਂ ਤੇ ਗ੍ਰਹਿਸਤ ਵਿੱਚ ਰਹਿਣ (ਪ੍ਰਵਿਰਤੀ ਮਾਰਗ) ਵਾਲਿਆਂ ਨੇ ਹੀ ਜਾਣਾ ਹੈ।

ਤੁਸੀਂ ਬੱਚਿਆਂ ਨੇ ਕਿਸੇ ਵੀ ਗੱਲ ਵਿੱਚ ਮੂੰਝਨਾ ਨਹੀਂ ਹੈ। ਇਹ ਡਰਾਮਾ ਬਣਿਆ ਬਣਾਇਆ ਹੈ। ਜੋ ਰਪੀਟ ਹੁੰਦਾ ਰਹਿੰਦਾ ਹੈ। ਤੁਹਾਡੀ ਸਰਵਿਸ ਵੀ ਕਲਪ ਪਹਿਲੋਂ ਦੀ ਤਰ੍ਹਾਂ ਹੁੰਦੀ ਹੈ। ਡਰਾਮਾ ਵੀ ਤੁਹਾਨੂੰ ਪੁਰਸ਼ਾਰਥ ਕਰਵਾਉਂਦਾ ਹੈ। ਉਹ ਵੀ ਤੁਸੀਂ ਕਰਦੇ ਹੋ ਕਲਪ ਪਹਿਲੇ ਤਰ੍ਹਾਂ। ਪੁਰਸ਼ਾਰਥ ਵਾਲਿਆਂ ਦੇ ਚਲਣ ਤੋਂ ਤੁਸੀਂ ਸਮਝ ਸਕਦੇ ਹੋ, ਤਾਂ ਹੀ ਤਾਂ ਪ੍ਰਦਰਸ਼ਨੀ ਵਿੱਚ ਗਰੁੱਪ ਵੇਖ ਕੇ ਗਾਈਡ ਦਿੱਤਾ ਜਾਂਦਾ ਹੈ ਤਾਂ ਕਿ ਚੰਗੀ ਤਰ੍ਹਾਂ ਸਮਝਾ ਸਕਣ। ਪੜਾਉਣ ਵਾਲਾ ਬਾਪ ਤਾਂ ਚੰਗੀ ਤਰ੍ਹਾਂ ਜਾਣਦੇ ਹਨ। ਕਿੰਨੀ ਵਿਸ਼ਾਲ ਬੇਹੱਦ ਦੀ ਬੁੱਧੀ

ਬਣਾਉਂਦੇ ਹਨ। ਤੁਹਾਨੂੰ ਨਸ਼ਾ ਰਹਿਣਾ ਚਾਹੀਦਾ ਹੈ ਕਿ ਅਸੀਂ ਕਿਸ ਦੇ ਬੱਚੇ ਹਾਂ। ਭਗਵਾਨ ਸਾਨੂੰ ਪੜਾਉਂਦੇ ਹਨ, ਕੋਈ ਨਹੀਂ ਪੜ ਸਕਦੇ ਤਾਂ ਭੱਜ ਜਾਂਦੇ ਹਨ। ਭਗਵਾਨ ਵੀ ਸਮਝਦੇ ਹਨ, ਇਹ ਸਾਡਾ ਬੱਚਾ ਨਹੀਂ ਹੈ। ਤੁਸੀਂ ਦੇਖਦੇ ਹੋ ਭਗਵਾਨ ਦੇ ਬੱਚੇ ਪੜਦੇ ਸੀ, ਫਿਰ ਭੱਜ ਗਏ, ਫਿਰ ਕੁਝ ਸਮਝ ਆ ਜਾਂਦਾ ਹੈ ਤਾਂ ਫਿਰ ਤੋਂ ਪੜ੍ਹਨ ਲਗ ਜਾਂਦੇ ਹਨ। ਫਿਰ ਯੋਗ ਵਿੱਚ ਚੰਗੇ ਤਰੀਕੇ ਨਾਲ ਰਹਿਣ ਤਾਂ ਉੱਚ ਪਦ ਪਾ ਸਕਦੇ ਹਨ। ਸਮਝਣਗੇ ਬਰੋਬਰ ਅਸੀਂ ਸਮਾਂ ਬਹੁਤ ਖਰਾਬ ਕਰ ਦਿੱਤਾ ਜੋ ਇਸ ਤਰ੍ਹਾਂ ਦਾ ਸਕੂਲ ਛੱਡ ਦਿੱਤਾ। ਹੁਣ ਤਾਂ ਜਰੂਰ ਬਾਪ ਤੋਂ ਵਰਸਾ ਲਵਾਂਗੇ। ਬਾਪ ਨੂੰ ਯਾਦ ਕਰਦੇ-ਕਰਦੇ ਅਤੇ ਬਾਬਾ - ਬਾਬਾ ਕਹਿ ਰੋਂਗਟੇ ਖੜੇ ਹੋ ਜਾਣੇ ਚਾਹੀਦੇ ਹਨ। ਬਾਬਾ ਸਾਨੂੰ ਉੱਚੀ ਪਦਵੀ ਦਿੰਦੇ ਹਨ। ਅਸੀਂ ਕਿੰਨੇ ਭਾਗਵਾਨ ਹਾਂ। ਬਾਰ - ਬਾਰ ਬਾਬਾ ਦੀ ਯਾਦ ਰਹੇ, ਡਾਇਰੈਕਸ਼ਨ ਤੇ ਚਲਦਾ ਰਹੇ ਤਾਂ ਬੜੀ ਉੱਨਤੀ ਹੋ ਸਕਦੀ ਹੈ। ਫਿਰ ਉਨ੍ਹਾਂ ਨੂੰ ਸਾਰੇ ਰਿਗਾਰਡ ਦੇਣਗੇ। ਬਾਬਾ ਕਹਿੰਦੇ- ਪੜੇ ਦੇ ਅੱਗੇ ਅਨਪੜ੍ਹੇ ਭਾਰ ਢੋਣਗੇ। ਦੇਹ - ਅਭਿਮਾਨ ਵਾਲਿਆਂ ਨੂੰ ਦੇਵੀ ਗੁਣਾਂ ਦੀ ਧਾਰਨਾ ਹੋ ਨਹੀਂ ਸਕਦੀ। ਤੁਹਾਡਾ ਚੇਹਰਾ ਫਸਟਕਲਾਸ ਹੋਣਾ ਚਾਹੀਦਾ ਹੈ। ਕਹਿੰਦੇ ਹਨ ਅਤਿਇੰਦਰੀਆਂ ਸੁੱਖ ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਨੂੰ ਭਗਵਾਨ ਪੜਾਉਂਦੇ ਹਨ। ਕਿੰਨਾ ਪੜਾਈ ਤੇ ਅਟੈਂਸ਼ਨ ਦੇਣਾ ਚਾਹੀਦਾ ਹੈ ਅਤੇ ਸ਼੍ਰੀਮਤ ਤੇ ਚਲਣਾ ਚਾਹੀਦਾ। ਤੁਹਾਡੇ ਯੋਗ ਦੀ ਤਾਕਤ ਨਾਲ ਸੰਸਾਰ ਵੀ ਪਵਿੱਤਰ ਬਣ ਜਾਂਦਾ ਹੈ। ਤੁਸੀਂ ਯੋਗ ਨਾਲ ਦੁਨੀਆਂ ਨੂੰ ਪਵਿੱਤਰ ਬਣਾਉਂਦੇ ਹੋ। ਕਮਲ ਹੈ। ਗੋਵਰਧਨ ਪਰਬਤ ਨੂੰ ਉਂਗਲੀ ਤੇ ਚੁੱਕਣਾ ਹੈ। ਇਸ ਛੀ - ਛੀ ਦੁਨੀਆਂ ਨੂੰ ਜਿਨ੍ਹਾਂ ਨੇ ਪਵਿੱਤਰ ਬਣਾਇਆ - ਇਹ ਉਨ੍ਹਾਂ ਦੀ ਨਿਸ਼ਾਨੀ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸੱਚੇ ਗਿਆਨ ਨੂੰ ਬੁੱਧੀ ਵਿੱਚ ਧਾਰਨ ਕਰਨ ਦੇ ਲਈ ਬੁੱਧੀ ਰੂਪੀ ਬਰਤਨ ਨੂੰ ਸਾਫ ਸਵੱਛ ਬਨਾਉਣਾ ਹੈ। ਬੇਕਾਰ ਗੱਲਾਂ ਨੂੰ ਬੁੱਧੀ ਵਿੱਚੋ ਕੱਢ ਦੇਣਾ ਹੈ।

2. ਦੈਵੀ ਗੁਣਾਂ ਦੀ ਧਾਰਨਾ ਅਤੇ ਪੜਾਈ ਤੇ ਪੂਰਾ ਧਿਆਨ ਦੇਕੇ, ਅਤਿਇੰਦਰੀਆਂ ਸੁੱਖ ਅਨੁਭਵ ਕਰਨਾ ਹੈ। ਸਦਾ ਇਸੇ ਨਸ਼ੇ ਵਿੱਚ ਰਹਿਣਾ ਹੈ ਕਿ ਅਸੀਂ ਭਗਵਾਨ ਦੇ ਬੱਚੇ ਹਾਂ, ਓਹ ਹੀ ਸਾਨੂੰ ਪੜਾਉਂਦੇ ਹਨ।

ਵਰਦਾਨ:- ਨਿਸ਼ਚੇ ਤੋਂ ਫਾਉਂਡੇਸ਼ਨ ਦਵਾਰਾ ਸੰਪੂਰਨਤਾ ਤੱਕ ਪਹੁੰਚਣ ਵਾਲੇ ਨਿਸ਼ਚੇਬੁੱਧੀ, ਨਿਸ਼ਚਿੰਤ ਭਵ।

ਨਿਸ਼ਚੇ ਇਸ ਬ੍ਰਾਹਮਣ ਜੀਵਨ ਦੀ ਸੰਪੰਨਤਾ ਦਾ ਫਾਉਂਡੇਸ਼ਨ ਹੈ ਅਤੇ ਇਹ ਫਾਉਂਡੇਸ਼ਨ ਮਜਬੂਤ ਹੈ ਤਾਂ ਸਹਿਜ ਅਤੇ ਤੀਵ੍ਰਗਤੀ ਨਾਲ ਸੰਪੂਰਨਤਾ ਤੱਕ ਪਹੁੰਚਣਾ ਨਿਸ਼ਚਿਤ ਹੈ। ਜੋ ਅਸਲ ਨਿਸ਼ਚੇ ਬੁੱਧੀ ਹਨ ਉਹ ਸਦਾ ਨਿਸ਼ਚਿੰਤ ਰਹਿੰਦੇ ਹਨ। ਅਸਲ ਨਿਸ਼ਚੇ ਹੈ ਆਪਣੇ ਆਤਮ - ਸਵਰੂਪ ਨੂੰ ਜਾਨਣਾ, ਮੰਨਣਾ ਅਤੇ ਉਸ ਪ੍ਰਮਾਣ ਚਲਣਾ ਅਤੇ ਬਾਪ ਜੋ ਹੈ ਜਿਵੇਂ ਦਾ ਹੈ, ਜਿਸ ਰੂਪਵਿਚ ਪਾਰਟ ਵਜਾ ਰਹੇ ਹਨ ਉਸ ਨੂੰ ਪੂਰੀ ਤਰ੍ਹਾਂ ਜਾਨਣਾ। ਅਜਿਹੇ ਨਿਸ਼ਚੇ ਬੁੱਧੀ ਵਿਜਯੀ ਹੁੰਦੇ ਹਨ।

ਸਲੋਗਨ:- ਆਪਣੇ ਸਮੇਂ ਨੂੰ, ਸੁੱਖਾ ਨੂੰ , ਪ੍ਰਾਪਤੀ ਦੀ ਇੱਛਾ ਨੂੰ ਸਰਵ ਦੇ ਪ੍ਰਤੀ ਦਾਨ ਕਰਨ ਵਾਲੇ ਹੀ ਮਹਾਦਾਨੀ ਹਨ।

******

ਅਵਿਅਕਤ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਜਿਵੇਂ ਸ਼ੁਰੂ - ਸ਼ੁਰੂ ਵਿੱਚ ਅਭਿਆਸ ਕਰਦੇ ਸੀ - ਚਲ ਰਹੇ ਹਾਂ ਪਰ ਸਥਿਤੀ ਇਵੇਂ ਹੁੰਦੀ ਜੋ ਦੂਸਰੇ ਸਮਝਦੇ ਕਿ ਇਹ ਕੋਈ ਲਾਈਟ ਜਾ ਰਹੀ ਹੈ, ਉਨ੍ਹਾਂ ਨੂੰ ਸ਼ਰੀਰ ਵਿਖਾਈ ਨਹੀਂ ਦਿੰਦਾ ਸੀ, ਇਸੇ ਅਭਿਆਸ ਨਾਲ ਹਰ ਤਰ੍ਹਾਂ ਦੇ ਪੇਪਰ ਵਿੱਚ ਪਾਸ ਹੋਏ। ਤਾਂ ਹੁਣ ਜਦਕਿ ਸਮੇਂ ਬਹੁਤ ਖਰਾਬ ਆ ਰਿਹਾ ਹੈ ਤਾਂ ਡਬਲ ਲਾਈਟ ਰਹਿਣ ਦਾ ਅਭਿਆਸ ਵਧਾਓ। ਦੂਜਿਆਂ ਨੂੰ ਸਦਾ ਤੁਹਾਡਾ ਲਾਈਟ ਸਵਰੂਪ ਵਿਖਾਈ ਦੇਵੇ - ਇਹ ਹੀ ਸੇਫਟੀ ਹੈ। ਅੰਦਰ ਆਉਣ ਅਤੇ ਲਾਈਟ ਦਾ ਕਿਲਾ ਦੇਖਣ।